# Official Spokesperson's response to media queries regarding election impasse in Guyana

July 25, 2020

……………………………………………………………………………………

## ਗੁਆਨਾ ਦੀ ਚੋਣਾਂ ਵਿੱਚ ਪੈਦਾ ਹੋਏ ਗਤੀਰੋਧ ਸੰਬੰਧੀ ਸਰਕਾਰੀ ਬੁਲਾਰੇ ਵੱਲੋਂ ਮੀਡੀਆ ਦੇ ਸਵਾਲਾਂ ਦਾ ਜਵਾਬ

25 ਜੁਲਾਈ, 2020

ਭਾਰਤ 2 ਮਾਰਚ, 2020 ਨੂੰ ਹੋਈਆਂ ਆਮ ਅਤੇ ਖੇਤਰੀ ਚੋਣਾਂ ਦੇ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਗੁਆਨਾ ਵਿੱਚ ਚੋਣਾਂ ਹੋਏ ਨੂੰ ਹੁਣ ਤੱਕ ਚਾਰ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਅਤੇ ਅਜੇ ਵੀ ਨਤੀਜੇ ਆਉਣ ਦੀ ਉਡੀਕ ਹੋ ਰਹੀ ਹੈ। ਗੁਆਨਾ ਦੇ ਪਰਖੇ ਹੋਏ ਦੋਸਤ ਹੋਣ ਵਜੋਂ ਭਾਰਤ ਨੂੰ ਗੁਆਨਾ 'ਚ ਲੋਕਤੰਤਰ ਦੇ ਹਿਤ ਵਿਚ ਚੋਣ ਪ੍ਰਕਿਰਿਆ ਦੇ ਛੇਤੀ ਦੀ ਕਿਸੇ ਸਿੱਟੇ 'ਤੇ ਪਹੁੰਚਣ ਦੀ ਆਸ ਹੈ। ਇਸ ਤੋਂ ਛੁੱਟ ਭਾਰਤ ਨੂੰ ਇਹ ਵੀ ਆਸ ਹੈ ਕਿ ਸਾਰੇ ਪੱਖ ਚੋਣਾਂ ਦੇ ਨਤੀਜਿਆਂ ਦਾ ਸਨਮਾਨ ਕਰਨਗੇ।

ਨਵੀਂ ਦਿੱਲੀ
25 ਜੁਲਾਈ, 2020

DISCLAIMER : This is an approximate translation. The original is available in English on MEA's website and may be referred to as the official press release.